ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ,
(ਭਰਤੀ ਸੈੱਲ)
ਐਸ.ਸੀ.ਓ. ਨੰ: 130-131, ਤੀਜੀ ਮੰਜਿਲ, ਸੈਕਟਰ -34 ਏ, ਚੰਡੀਗੜ੍ਹ।

## ਪਬਲਿਕ ਨੋਟਿਸ

ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਅਪਗਰੇਡ ਹੋਏ ਸਕੂਲਾਂ ਵਿੱਚ ਆਫਿਸ ਕਰਲਕ ਕਮ-ਲਾਇਬ੍ਰੇਰੀ ਅਸਿਸਟੈਂਟ ਦੀਆਂ 149 ਅਸਾਮੀਆਂ ਭਰਨ ਸਬੰਧੀ ਉਮਦੀਵਾਰਾਂ ਕੋਲੋਂ ਆਨ ਲਾਈਨ ਅਰਜੀਆਂ ਮਿਤੀ 29-12-2011 ਤੋਂ 05-01-2012 ਤੱਕ ਮੰਗੀਆਂ ਗਈਆਂ ਸਨ। ਇਨ੍ਹਾਂ ਅਸਾਮੀਆਂ ਵਿਰੁੱਧ ਜਿਨ੍ਹਾਂ ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਉਹਨਾਂ ਦੀ ਯੋਗਤਾ ਦੇ ਅਧਾਰ ਤੇ ਰੋਸਟਰ ਅਨੁਸਾਰ ਜਨਰਲ 3 ਗੁਣਾ ਅਤੇ ਬਾਕੀ ਕੈਟਾਗਰੀਆਂ 5 ਗੁਣਾਂ ਪ੍ਰੋਵੀਜਨਲ ਮੈਰਿਟ ਵੈਬਸਾਈਟ www.ssapunjab.org ਤੇ ਪਾਈ ਗਈ ਹੈ। ਇਸ ਵਿੱਚ ਜਿਨ੍ਹਾਂ ਉਮੀਦਵਾਰਾਂ ਦੇ ਨਾਮ ਹਨ ਉਹਨਾਂ ਦਾ ਟਾਈਪ ਟੈਸਟ ਪੰਜਾਬੀ ਅਤੇ ਅੰਗਰੇਜੀ ਵਿੱਚ ਮੁੱਖ ਦਫਤਰ, ਸਰਵ ਸਿੱਖਿਆ ਅਭਿਆਨ, ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ ਵਿਖੇ ਹੇਠ ਲਿਖੇ ਅਨੁਸਾਰ ਰੱਖਿਆ ਗਿਆ ਹੈ:

| ਮਿਤੀ | ਸਮਾਂ | ਉਮੀਦਵਾਰ |
|---|---|---|
| 19-01-2013 | ਸਵੇਰੇ 10:00 ਤੋਂ 1:00 ਵਜੇ ਤੱਕ | ਲੜੀ ਨੰ: 1 ਤੋਂ 150 |
| 19-01-2013 | ਦੁਪਿਹਰ 2:00 ਤੋਂ 5:00 ਵਜੇ ਤੱਕ | ਲੜੀ ਨੰ: 151 ਤੋਂ 300 |
| 20-01-2013 | ਸਵੇਰੇ 10:00 ਤੋਂ 1:00 ਵਜੇ ਤੱਕ | ਲੜੀ ਨੰ: 301 ਤੋਂ 450 |
| 20-01-2013 | ਦੁਪਿਹਰ 2:00 ਤੋਂ 5:00 ਵਜੇ ਤੱਕ | ਲੜੀ ਨੰ: 451 ਤੋਂ 592 |

ਉਮੀਦਵਾਰ ਟਾਈਪ ਟੈਸਟ ਦੇਣ ਸਮੇਂ ਰਜਿਸਟ੍ਰੇਸ਼ਨ ਦੀ ਕਾਪੀ ਅਤੇ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਫੋਟੋ ਸਟੇਟ ਕਾਪੀਆਂ ਅਤੇ ਫੀਸ ਸਬੰਧੀ ਡਰਾਫਟ ਫਾਈਲ ਵਿੱਚ ਪੇਸ਼ ਕਰੇਗਾ। ਜੇਕਰ ਕਿਸੇ ਉਮੀਦਵਾਰ ਦਾ ਪਹਿਲਾਂ ਡਰਾਫਟ ਬਣਿਆ ਹੋਇਆ ਹੈ ਤੇ ਸਮਾਂ ਲੰਘ ਚੁੱਕਾ ਹੈ ਤਾਂ ਉਸ ਨੂੰ ਕੈਂਸਲ ਕਰਵਾ ਕੇ ਪਹਿਲਾਂ ਦਿੱਤੇ ਇਸ਼ਤਿਹਾਰ ਵਿਚ ਦਰਸਾਈ ਰਕਮ ਅਨੁਸਾਰ ਨਵਾਂ ਡਰਾਫਟ ਬਣਾ ਕੇ "**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**" ਦੇ ਨਾਮ ਤੇ ਬਣਾ ਕੇ ਪੇਸ਼ ਕਰਨਾ ਪਵੇਗਾ।

ਇਹ ਟਾਈਪ ਟੈਸਟ ਕੰਪਿਊਟਰ ਤੇ ਹੋਵੇਗਾ। ਉਮੀਦਵਾਰ ਆਪਣਾ ਕੀ ਬੋਰਡ ਵੀ ਲਿਆ ਸਕਦਾ ਹੈ।

**ਸਹੀ/-**

**ਡਿਪਟੀ ਡਾਇਰੈਕਟਰ (ਭਰਤੀ ਸੈੱਲ)**